The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
CONTACT RAJ : 021874730, 021874702, 0800 253 2687
www.redcleaning.co.nz

18 May 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਦੱਖਣੀ ਆਕਲੈਂਡ ਵਿੱਚ ਨਵੇਂ ਜਨਤਕ ਟ੍ਰਾਂਸਪੋਰਟ ਪ੍ਰੋਜੈਕਟ ਲਈ ਨੂੰ ਮੰਨਜੂਰੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਦੱਖਣੀ ਆਕਲੈਂਡ ਵਿੱਚ ਨਵੇਂ ਜਨਤਕ ਟ੍ਰਾਂਸਪੋਰਟ ਪ੍ਰੋਜੈਕਟ ਲਈ ਨੂੰ ਮੰਨਜੂਰੀ ਦਿੱਤੀ ਗਈ ਹੈ। ਜਿਸ ਤੋਂ ਆਸ ਹੈ ਕਿ ਉਹ ਏਅਰਪੋਰਟ ਦੇ ਰਸਤੇ ਵਿਚ ਨਿਯਮਤ ਗਰਿੱਡ-ਡੌਕ ਟ੍ਰੈਫਿਕ ਨੂੰ ਸੌਖਾ ਬਣਾਵੇਗੀ। 60 ਮਿਲੀਅਨ ਡਾਲਰ ਦੇ ਪ੍ਰਾਜੈਕਟ ਨਾਲ ਦੱਖਣੀ ਔਕਲੈਂਡ ਵਿਚ Puhinui ਰੇਲਵੇ ਸਟੇਸ਼ਨ ਨੂੰ ਇਕ ਨਵਾਂ ਰੂਪ ਦਿੱਤਾ ਜਾਵੇਗਾ ਅਤੇ Puhinui ਰੋਡ ਤੋਂ ਆਕਲੈਂਡ ਏਅਰਪੋਰਟ ਤੱਕ ਬੱਸ ਚਲਾਉਣ ਦੀ ਵਿਵਸਥਾ ਕੀਤੀ ਜਾਵੇਗੀ।

ਇਹ ਭਵਿੱਖ ਵਿੱਚ ਹਵਾਈ ਅੱਡੇ ਤੱਕ ਸੰਭਵ ਤੌਰ 'ਤੇ ਰੇਲ ਦੀ ਵਿਵਸਥਾ ਲਈ ਤਿਆਰ ਕੀਤਾ ਗਿਆ ਹੈ। ਆਕਲੈਂਡ ਦੇ ਮੇਅਰ Phil Goff ਅਤੇ Transport Minister Phil Twyford ਨੇ ਅੱਜ ਐਲਾਨ ਕੀਤਾ ਕਿ ਇਹ ਇਕਰਾਰਨਾਮਾ ਸੰਯੁਕਤ ਉੱਘੀ ਕੰਪਨੀ McConnell Dowell-Built Environs. ਨੂੰ ਦਿੱਤਾ ਗਿਆ ਹੈ।

# Exit Poll 'ਚ NDA ਸਰਕਾਰ ਦੀ ਵਾਪਸੀ ਦੀ ਭਵਿੱਖਬਾਣੀ

ਨਵੀਂ ਦਿੱਲੀ: ਲੋਕ ਸਭਾ ਚੋਣ 2019 ਦੇ ਆਖਰੀ ਪੜਾਅ ਦੀ ਵੋਟਿੰਗ ਖਤਮ ਹੋ ਚੁੱਕੀ ਹੈ। ਇਸ ਨੂੰ ਲੈ ਕੇ ਐਗਜ਼ਿਟ ਪੋਲ ਸ਼ੁਰੂ ਹੋ ਚੁੱਕਾ ਹੈ। 23 ਮਈ ਨੂੰ ਆਉਣ ਵਾਲੇ ਨਤੀਜਿਆਂ ਤੋਂ ਪਹਿਲਾਂ ਵੱਖ-ਵੱਖ ਚੈਨਲਾਂ ਤੇ ਅਖਬਾਰਾਂ ਵਲੋਂ ਕੀਤੇ ਗਏ ਐਗਜ਼ਿਟ ਪੋਲ ਦੇਸ਼ ਦਾ ਹਾਲ ਦੱਸ ਰਹੇ ਹਨ। ਜਿਸ ਦੌਰਾਨ ਇੱਕ ਵਾਰ ਫਿਰ ਦੇਸ਼ 'ਚ ਐੱਨ ਡੀ ਏ ਦੀ ਸਰਕਾਰ ਬਣਨ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਦੌਰਾਨ ਸੀ-ਵੋਟਰ ਅਤੇ ਰਿਪਬਲਿਕ ਨੇ NDA ਨੂੰ 287 ਸੀਟਾਂ, ਯੂ.ਪੀ.ਏ ਨੂੰ 128 ਸੀਟਾਂ, ਮਹਾਂ-ਗਠਬੰਧਨ ਨੂੰ 40 ਅਤੇ ਹੋਰ ਨੂੰ 87 ਸੀਟਾਂ ਦਿੱਤੀਆਂ। ਨਿਊਜ਼ ਨੇਸ਼ਨ ਨੇ NDA ਨੂੰ 282 ਤੋਂ 290ਸੀਟਾਂ, ਯੂ.ਪੀ.ਏ ਨੂੰ 118 ਤੋਂ 126 ਸੀਟਾਂ ਅਤੇ ਹੋਰ ਨੂੰ 130 ਤੋਂ 138 ਸੀਟਾਂ ਦਿਤੀਆਂ। ਉਥੇ ਹੀ ਟਾਈਮਜ਼ ਨਾਓ ਅਤੇ ਵੀ.ਐੱਮ.ਆਰ ਦੇ ਸਰਵੇ 'ਚ NDA ਨੂੰ 306 ਸੀਟਾਂ, ਯੂ.ਪੀ.ਏ ਨੂੰ142 ਸੀਟਾਂ ਅਤੇ ਮਹਾਂ-ਗਠਬੰਧਨ ਅਤੇ ਹੋਰ ਨੂੰ 94 ਸੀਟਾਂ ਦਿੱਤੀਆਂ। ਦੱਸ ਦਈਏ ਕਿ ਇਹ ਐਗਜ਼ਿਟ ਪੋਲ ਚੋਣ ਦੌਰਾਨ ਵੋਟਰਾਂ ਨਾਲ ਗੱਲਬਾਤ ਕਰਕੇ ਵੱਖ-ਵੱਖ ਸਿਆਸੀ ਦਲਾਂ, ਉਮੀਦਵਾਰਾਂ ਦੀ ਜਿੱਤ ਹਾਰ ਦੇ ਅਨੁਮਾਨ ਦੀ ਸਮੀਖਿਆ ਹੁੰਦਾ ਹੈ।

## Exit Polls 2019: NDA ਨੂੰ ਬਹੁਮਤ ਦੇ ਸਰਵੇਖਣ ਮਗਰੋਂ ਮਾਇਆਵਤੀ ਦਾ ਆਇਆ ਬਿਆਨ

ਲੋਕ ਸਭਾ ਚੋਣਾਂ (Lok Sabha Elections 2019) ਦੇ ਸਾਰੇ 7 ਚੋਣ ਗੇੜ ਐਤਵਾਰ ਨੂੰ ਮੁਕੰਮਲ ਹੋ ਗਏ। ਜਿਸ ਤੋਂ ਬਾਅਦ ਵੱਖੋ ਵੱਖਰੇ ਨਿਊਜ਼ ਚੈਨਲਾਂ ਅਤੇ ਏਜੰਸਿਆਂ ਦੇ ਚੋਣ ਸਰਵੇਖਣ ਨਤੀਜੇ (Exit Polls 2019) ਸਾਹਮਣੇ ਆ ਗਏ। ਇਨ੍ਹਾਂ ਸਾਰਿਆਂ ਚੋਣ ਸਰਵੇਖਣ ਨਤੀਜਿਆਂ ਚ ਭਾਜਪਾ ਦੀ ਐਨਡੀਏ ਨੂੰ ਭਾਰੀ ਬਹੁਮਤ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਚੋਣ ਸਰਵੇਖਣ ਨਤੀਜਿਆਂ ਮਗਰੋਂ




ਬਸਪਾ ਨੇ ਸੋਮਵਾਰ ਨੂੰ ਇਕ ਬਿਆਨ ਚ ਸਾਫ ਕੀਤਾ ਹੈ ਕਿ ਮਾਇਆਵਤੀ (Mayawati) ਅੱਜ ਦਿੱਲੀ ਚ ਵਿਰੋਧੀ ਆਗੂਆਂ ਦੇ ਨਾਲ ਕੋਈ ਵੀ ਬੈਠਕ ਨਹੀਂ ਕਰਨਗੀ। ਬਸਪਾ ਦੇ ਸੀਨੀਅਰ ਨੇਤਾ ਸਤੀਸ਼ ਚੰਦਰ ਮਿਸ਼ਰਾ ਨੇ ਕਿਹਾ ਹੈ ਕਿ ਮਾਇਆਵਤੀ ਅੱਜ ਲਖਨਊ ਚ ਹੀ ਰਹਿਣਗੀ। ਦੱਸਣਯੋਗ ਹੈ ਕਿ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਸ਼ਨਿੱਚਰਵਾਰ ਨੂੰ ਲਖਨਊ ਚ ਮਾਇਆਵਤੀ ਨਾਲ ਮੁਲਾਕਾਤ ਕੀਤੀ ਸੀ। ਇਸ ਦੇ ਨਾਲ ਹੀ ਸਪਾ ਪ੍ਰਧਾਨ ਅਖਿਲੇਸ਼ ਯਾਦਵ ਨਾਲ ਉਨ੍ਹਾਂ ਨੇ ਮੁਲਾਕਾਤ ਕੀਤੀ ਸੀ।

# 1995 'ਚ ਕਤਲ ਮਾਮਲੇ 'ਚ ਕਰਾਈਸਚਰਚ ਪੁਲਿਸ ਨੇ 100,000 ਡਾਲਰ ਦਾ ਇਨਾਮ ਰੱਖਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸੰਨ 1995 'ਚ ਕਰਾਈਸਚਰਚ ਦੇ ਵਿੱਚ ਇੱਕ ਔਰਤ ਦੇ ਕਤਲ ਕੇਸ ਨੂੰ ਸੁਲਝਾਉਣ ਲਈ ਪੁਲਿਸ ਨੇ ਅੱਜ 100,000 ਡਾਲਰ ਦੇ ਇਨਾਮ ਦਾ ਐਲਾਨ ਕੀਤਾ ਹੈ। ਜਿਕਰਯੋਗ ਹੈ ਕਿ 21 ਸਾਲਾ Angela Blackmoore ਨੂੰ ਸੰਨ 1995 'ਚ 17 ਅਗਸਤ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਉਸ ਵਕਤ ਉਹ ਘਰ ਵਿੱਚ ਹੀ ਸੀ ਅਤੇ ਉਸਦਾ ਦੋ ਸਾਲ ਦਾ ਬੇਟਾ ਸੁੱਤਾ ਪਇਆ ਸੀ। ਪਰ ਪੁਲਿਸ ਨੂੰ ਘਰ ਵਿੱਚ ਕਿਸੇ ਦਾ ਜਬਰੀ ਵੜਨ ਦਾ ਕੋਈ ਸਬੂਤ ਨਹੀਂ ਮਿਲਿਆ ਸੀ। ਬਾਅਦ ਵਿੱਚ ਉਸ ਦੇ ਪਤੀ ਤੋਂ ਜਾਣਕਾਰੀ ਮਿਲੀ ਸੀ ਕਿ ਉਹ ਘਰ ਚ 11.20 ਵਜੇ ਕੰਮ ਤੋਂ ਵਾਪਸ ਆਈ ਸੀ ਅਤੇ ਉਸ ਵਕਤ ਘਰ ਵਿੱਚ ਇਕੱਲੀ ਸੀ। ਇਸ ਸਬੰਧੀ ਹੁਣ ਤੱਕ ਸੈਂਕੜੇ ਲੋਕਾਂ ਨਾਲ ਗੱਲਬਾਤ ਕੀਤੀ ਜਾ ਚੁੱਕੀ ਹੈ ਪਰ ਪੁਲਿਸ ਦੇ ਹੱਥ ਕੋਈ ਸੁਰਾਗ ਨਹੀਂ ਲੱਗਿਆ। ਇਸ ਸਬੰਧੀ ਕਿਸੇ ਵੀ ਜਾਣਕਾਰੀ ਨੂੰ ਪੁਲਿਸ ਨਾਲ ਸਾਝਾ ਕਰਨ ਲਈ 0800 22 1995 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਤਿੰਨ ਕਾਰਾਂ ਦੀ ਟੱਕਰ ਤੋਂ ਬਾਅਦ ਸਟੇਟ ਹਾਈਵੇਅ ਬੰਦ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) Horowhenua ਜਿਲੇ 'ਚ ਸਟੇਟ ਹਾਈਵੇਅ 'ਤੇ ਤਿੰਨ ਕਾਰਾਂ ਦੀ ਜਬਰਦਸਤ ਟੱਕਰ ਹੋ ਗਈ ਜਿਸ ਵਿੱਚ ਛੇ ਲੋਕ ਜਖਮੀ ਹੋ ਗਏ। ਅਤੇ ਇਸ ਘਟਨਾ ਤੋਂ ਪੁਲਿਸ ਵੱਲੋਂ ਸਟੇਟ ਹਾਈਵੇਅ ਨੂੰ ਬੰਦ ਕਰ ਦਿੱਤਾ ਗਿਆ। ਇਹ ਦੁਰਘਟਨਾ ਮਨਕਾਊ ਦੇ ਦੱਖਣ ਵਿੱਚ ਲਗਭਗ ਸ਼ਾਮ 6.55 'ਤੇ ਵਾਪਰੀ ਹੈ। ਪੁਲਿਸ ਅਨੁਸਾਰ ਤਿੰਨ ਲੋਕ ਬੁਰੀ ਤਰਾਂ ਵਾਹਨਾਂ ਵਿੱਚ ਫਸੇ ਹੋਏ ਸਨ ਪਰ ਇਸ ਹਾਦਸੇ ਵਿੱਚ ਇੱਕ ਹੀ ਵਿਅਕਤੀ ਨੂੰ ਗੰਭੀਰ ਚੋਟਾਂ ਆਈਆਂ ਹਨ। ਅਤੇ ਪੰਜ ਲੋਕਾਂ ਨੂੰ ਮਾਮੂਲੀ ਚੋਟਾਂ ਹਨ। ਪੁਲਿਸ ਵੱਲੋਂ ਘਟਨਾ ਸਥਾਨ ਲਈ ਇੱਕ ਹੈਲੀਕਾਪਟਰ ਵੀ ਰਵਾਨਾ ਕੀਤਾ ਗਿਆ ਹੈ।

# Mount Maunganui ਵਿੱਚ Omanu Beach 'ਤੇ ਹਜਾਰਾਂ ਪਲਾਸਟਿਕ ਦੀਆਂ ਬੋਤਲਾਂ ਸੁੱਟੀਆਂ ਗਈਆਂ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) Mount Maunganui ਵਿੱਚ Omanu ਬੀਚ 'ਤੇ ਹਜਾਰਾਂ ਬੋਤਲਾਂ ਸੁੱਟੀਆਂ ਗਈਆਂ ਹਨ। ਇਹ ਚੀਨੀ ਕੰਪਨੀ ਦੁਆਰਾ ਨਿਊਜੀਲੈਂਡ 'ਚ ਪੀਣ ਵਾਲੇ ਪਾਣੀ ਦੀਆਂ ਬਣਨ ਵਾਲੀਆਂ ਬੋਤਲਾਂ ਦੇ ਵਿਰੋਧ ਵਿੱਚ ਕੀਤਾ ਜਾ ਰਿਹਾ ਹੈ। ਇਸ ਸਬੰਧੀ ਆਪਣਾ ਪੱਖ ਰੱਖਣ ਲਈ ਚੀਨੀ ਕੰਪਨੀ Nongfu ਕੱਲ ਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਜਾ ਰਹੀ ਹੈ। ਚੀਨੀ ਕੰਪਨੀ ਇੱਕ ਮਿੰਟ 'ਚ ਰੋਜਾਨਾ 2400 ਬੋਤਲਾਂ ਤਿਆਰ ਕਰੇਗੀ ਜਿਸ ਨਾਲ ਵਾਤਾਵਰਨ 'ਤੇ ਬੁਰਾ ਪ੍ਰਭਾਵ ਪਵੇਗਾ।ਇਸ ਦੇ ਵਿਰੋਧ ਵਿੱਚ ਹੀ ਅੱਜ ਬੀਚ 'ਤੇ ਹਜਾਰਾਂ ਬੋਤਲਾਂ ਸੁੱਟੀਆਂ ਗਈਆਂ ਸਨ।

# ਨਿਊਜੀਲੈਂਡ ਕਬੱਡੀ ਫੈਡਰੇਸ਼ਨ ਦੀ ਅਹਿਮ ਮੀਟਿੰਗ 'ਚ ਡਰੱਗ ਨਾਲ ਸਬੰਧਤ ਕਈਂ ਅਹਿਮ ਫੈਸਲੇ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਕਬੱਡੀ ਫੈਡਰੇਸ਼ਨ ਦੀ ਇੱਕ ਅਹਿਮ ਮੀਟਿੰਗ ਅੱਜ ਨਿਊਜੀਲੈਂਡ ਕਬੱਡੀ ਫੈਡਰੇਸ਼ਨ ਦੇ ਮੈਂਬਰਾਂ ਅਤੇ ਹੋਰ ਸਥਾਨਿਕ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ ਨਾਲ ਹੋਈ। ਜਿਸ ਵਿੱਚ ਕਬੱਡੀ ਦੀ ਬੇਹਤਰੀ ਲਈ ਕਈਂ ਅਹਿਮ ਫੈਸਲੇ ਲਏ ਗਏ। ਇਸ ਮੌਕੇ ਹਰਪ੍ਰੀਤ ਸਿੰਘ ਗਿੱਲ ਪ੍ਰਧਾਨ ਨਿਊਜੀਲੈਂਡ ਕਬੱਡੀ ਫੈਡਰੇਸ਼ਨ ਨੇ ਦੱਸਿਆ ਕਿ ਕਬੱਡੀ ਨੂੰ ਨਸ਼ੇ ਦੀ ਮਾਰ ਤੋਂ ਬਚਾਉਣ ਲਈ ਕਈਂ ਅਹਿਮ ਫੈਸਲੇ ਲਏ ਹਨ। ਇਸ ਮੌਕੇ ਸਾਰੇ ਹੀ ਕਬੱਡੀ ਕਲੱਬਾਂ ਦੇ ਆਹੁਦੇਦਾਰਾਂ ਨੇ ਸਰਬ-ਸੰਮਤੀ ਇਸ ਗੱਲ ਦਾ ਫੈਸਲਾ ਕੀਤਾ ਕਿ ਕਬੱਡੀ ਨੂੰ ਨਸ਼ਾ ਮੁਕਤ ਕਰਨ ਲਈ ਜੇ ਕਿਸੇ ਤਰਾਂ ਦੇ ਟੈੱਸਟ ਕੀਤੇ ਜਾਂਦੇ ਹਨ ਤਾਂ ਉਸ ਨਾਲ ਕਿਸੇ ਨੂੰ ਕੋਈ ਦਿੱਕਤ ਨਹੀਂ ਹੋਵੇਗੀ ਸਗੋਂ ਇਸ ਨਾਲ




ਕਬੱਡੀ ਦੀ ਬੇਹਤਰੀ ਲਈ ਹੀ ਰਾਹ ਪੱਧਰਾ ਹੋਵੇਗਾ। ਇਸ ਮੌਕੇ ਇਹ ਫੈਸਲਾ ਵੀ ਕੀਤਾ ਗਿਆ ਕਿ ਜੋ ਖਿਡਾਰੀ ਇੰਡੀਆ ਵਿੱਚ ਕਿਸੇ ਵੀ ਤਰਾਂ ਦੇ ਟੈੱਸਟ ਵਿੱਚ ਪੌਜੀਟਿਵ ਪਾਏ ਗਏ ਨੇ ਉਨ੍ਹਾਂ ਨੂੰ ਨਿਊਜੀਲੈਂਡ ਕਲੱਬਾਂ ਵੱਲੋਂ ਬੈਨ ਕੀਤਾ ਗਿਆ ਹੈ। ਇਸ ਮੌਕੇ ਜਿਹੜੇ ਕਲੱਬਾਂ ਦੇ ਮੈਂਬਰ ਇਸ ਮੀਟਿੰਗ ਵਿੱਚ ਨਹੀਂ ਪਹੁੰਚ ਸਕੇ ਉਨਹਾਂ ਵੱਲੋਂ ਵੀ ਲਿਖਤੀ ਰੂਪ ਵਿੱਚ ਇਸ ਫੈਸਲੇ ਦੇ ਨਾਲ ਸਹਿਮਤ ਹੋਣ ਬਾਰੇ ਪ੍ਰਵਾਨਗੀ ਭੇਜੀ ਗਈ ਹੈ। ਇਸ ਮੌਕੇ ਇਹ ਵੀ ਦੱਸਿਆ ਕਿ ਇਸ ਸਾਲ ਅਗਲੇ ਸਮੇਂ 'ਚ ਸ਼ੁਰੂ ਹੋਣ ਵਾਲੇ ਕਬੱਡੀ ਕੱਪਾਂ ਦੇ ਦੌਰਾਨ ਇਹ ਫੈਸਲੇ ਲਾਗੂ ਕਰ ਦਿੱਤੇ ਜਾਣਗੇ। ਇਸ ਮੌਕੇ ਇਹ ਗੱਲ ਵੀ ਦੱਸੀ ਗਈ ਕਿ ਜੋ ਖਿਡਾਰੀ ਨਿਊਜੀਲੈਂਡ 'ਚ ਕਰਵਾਏ ਟੈਸਟ ਵਿੱਚ ਪੌਜੀਟਿਵ ਪਾਏ ਜਾਣਗੇ ਉਹ ਭਾਰਤ ਵਿੱਚ ਬੈਨ ਹੋ ਜਾਣਗੇ। ਕਿਉਂਕਿ ਇਹ ਫੈਸਲੇ ਭਾਰਤ ਸਥਿਤ ਕਬੱਡੀ ਫੈਡਰੇਸ਼ਨ ਦੇ ਨਾਲ ਹੀ ਮਿਲ ਕੇ ਲਏ ਗਏ ਹਨ। ਕੈਨੇਡਾ ਅਤੇ ਕਈਂ ਹੋਰ ਮੁਲਕਾਂ ਨਾਲ ਵੀ ਇਸ ਬਾਰੇ ਸਹਿਮਤੀ ਹੋ ਚੁੱਕੀ ਹੈ ਭਾਵ ਕਿ ਖਿਡਾਰੀ ਕਿਸੇ ਵੀ ਮੁਲਕ 'ਚ ਡੋਪ ਟੈਸਟ 'ਚ ਫੇਲ ਹੋਵੇ ਉਸ ਦੇ ਖੇਡਣ ਦੇ ਪਾਬੰਦੀ ਸਾਰੇ ਹੀ ਦੇਸ਼ਾਂ ਵਿੱਚ ਲੱਗ ਜਾਵੇਗੀ। ਮੈਂਬਰਾਂ ਵੱਲੋਂ ਦੱਸਿਆ ਕਿ ਭਾਰਤ ਤੋਂ ਨਿਊਜੀਲੈਂਡ ਆਉਣ ਵਾਲੇ ਖਿਡਾਰੀ ਜੇ ਨਿਊਜੀਲੈਂਡ ਪਹੁੰਚ ਕੇ ਡੋਪ ਵਿੱਚ ਪੌਜੀਟਿਵ ਪਾਏ ਜਾਦੇ ਹਨ ਤਾਂ ਉਨ੍ਹਾਂ ਨੂੰ ਜਿਸ ਵੀ ਕਲੱਬ ਨੇ ਜਿਸ ਵੀ ਪੈਸੇ ਜਾਂ ਖਰਚੇ 'ਤੇ ਸੱਦਿਆ ਗਿਆ ਹੋਵੇਗਾ ਉਹ ਨਹੀਂ ਦਿੱਤਾ ਜਾਵੇਗਾ ਅਤੇ ਕਲੱਬ ਨਾਲ ਖਿਡਾਰੀ ਦਾ ਕਿਸੇ ਵੀ ਤਰਾਂ ਕੋਈ ਇਕਰਾਰਨਾਮ ਰੱਦ ਸਮਝਿਆ ਜਾਵੇਗਾ।

## ਗ਼ੈਰਕਾਨੂੰਨੀ ਤੌਰ 'ਤੇ ਆਯਾਤ ਕੀਤੀਆਂ ਐਂਟੀਬਾਇਓਟਿਕਸ ਦਵਾਈਆਂ ਦਾ ਵਧ ਰਹੇ ਰੁਝਾਨ ਤੋਂ ਨਿਊਜੀਲੈਂਡ ਦੇ ਅਧਿਕਾਰੀ ਅਤੇ ਮੈਡੀਕਲ ਉਦਯੋਗ ਚਿੰਤਤ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਗ਼ੈਰਕਾਨੂੰਨੀ ਤੌਰ 'ਤੇ ਆਯਾਤ ਕੀਤੀਆਂ ਐਂਟੀਬਾਇਓਟਿਕਸ ਦਵਾਈਆਂ ਦਾ ਵਧ ਰਹੇ ਰੁਝਾਨ ਤੋਂ ਨਿਊਜੀਲੈਂਡ ਦੇ ਅਧਿਕਾਰੀ ਅਤੇ ਮੈਡੀਕਲ ਉਦਯੋਗ ਚਿੰਤਤ ਹਨ।



ਹਾਸਲ ਕੀਤੇ ਗਏ ਨਵੇਂ ਅੰਕੜੇ ਦੱਸਦੇ ਹਨ ਕਿ ਸਰਹੱਦ 'ਤੇ ਜ਼ਬਤ ਗ਼ੈਰਕਾਨੂੰਨੀ ਤੌਰ' ਤੇ ਆਯਾਤ ਕੀਤੀਆਂ ਐਂਟੀਬਾਇਓਟਿਕਸ ਦਵਾਈਆਂ ਦੀ ਗਿਣਤੀ ਵਧ ਰਹੀ ਹੈ ਅਤੇ ਅਧਿਕਾਰੀ ਮੰਗ ਨੂੰ ਟਰੈਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। 2013 ਵਿੱਚ, 1400 ਤੋਂ ਵੱਧ ਐਂਟੀਬਾਇਟਿਕਸ ਦਵਾਈਆਂ ਨੂੰ ਰੋਕਿਆ ਗਿਆ ਅਤੇ 2017 ਤੱਕ ਇਹ ਗਿਣਤੀ 1700 ਤੋਂ ਵੀਵੱਧ ਹੋ ਗਈ। ਡੇਰੇਕ ਫਿਜ਼ਗਰਾਲਡ, ਮੈਡੀਸਨ ਕੰਪਲੈਂਸ ਮੈਨੇਜਰ, ਦਾ ਕਹਿਣਾ ਹੈ ਕਿ ਇਹ ਘਟਨਾ ਚਿੰਤਾ ਦਾ ਵਿਸ਼ਾ ਹੈ। ਇਕ ਡਾਕਟਰ ਤੋਂ ਬਿਨਾਂ ਲੋਕਾਂ ਨੂੰ ਐਂਟੀਬਾਇਓਟਿਕਸ ਨਹੀਂ ਲੈਣਾ ਚਾਹੀਦਾ ਹੈ।ਇਸ ਦੇ ਪ੍ਰਭਾਵ ਬੁਰਾ ਵੀ ਹੋ ਸਕਦਾ ਹੈ।